ਪੁਰਾਤਨ ਹੱਥ ਲਿਖਤ ਬੀੜਾਂ ਅਨੁਸਾਰ ਸ਼ੁਧ ਪਾਠ

# ਬੇਨਤੀ ਚੌਪਈ

## – ਸੰਥਿਆ ਪੋਥੀ –

ਰੰਗੀਨ ਵਿਸ਼ਰਾਮਾਂ ਸਹਿਤ

(ਅਰਧ ਵਿਸ਼ਰਾਮ / ਜਮਕੀ)

ਪ੍ਰਕਾਸ਼ਕ:

ਤੱਤ ਖ਼ਾਲਸਾ ਜੱਥਾ

# ਕਬਿਯੋਬਾਚ ਬੇਨਤੀ ॥ ਚੌਪਈ ॥*

ਹਮਰੀ ਕਰੋ ਹਾਥ ਦੈ* ਰਛਾ ॥ ਪੂਰਨ ਹੋਇ ਚਿਤ ਕੀ ਇਛਾ ॥ ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥੩੭੭॥

ਹਮਰੇ ਦੁਸਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥ ਸੁਖੀ ਬਸੈ ਮੋਰੋ ਪਰਵਾਰਾ ॥ ਸੇਵਕ ਸਿਖ ਸਭੈ ਕਰਤਾਰਾ ॥੩੭੮॥

ਮੋ ਰਛਾ ਨਿਜ ਕਰ ਦੈ ਕਰਿਯੈ ॥ ਸਭ ਬੈਰਨ ਕੋ ਆਜ

---

* ਨੋਟ:- (੧) ਦਸਮ ਗ੍ਰੰਥ ਦੇ ਬੀੜਾਂ ਵਿੱਚ ਦਰਜ਼ 'ਬੇਨਤੀ ਚੌਪਈ' ਦੇ ਪਾਠ ਦਾ ਕੋਈ ਮੰਗਲ ਨਹੀਂ ਲਿਖਿਆ, ਕਿਉਂਕਿ ਇਹ ਬਾਣੀ ਇੱਕ ਵੱਡੀ ਬਾਣੀ, ਭਾਵ 'ਚਰਿਤ੍ਰੋ-ਪਾਖਯਾਨ' ਦਾ ਹਿੱਸਾ ਹੈ। ਪਰ ਆਮ ਨਵੀਨ ਗੁਟਕਿਆਂ ਅਤੇ ਪੋਥੀਆਂ ਦੀ ਛਪਾਈ ਵਿੱਚ ਮੰਗਲ ਦਰਜ਼ ਕੀਤਾ ਹੈ, ਜਿਸ ਵਿੱਚ ਮਤ-ਭੇਦ ਹੈ। ਜਿਸ ਤਰ੍ਹਾਂ '੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥ ਪਾਤਿਸ਼ਾਹੀ ੧੦॥', '੧ੴ ਸਤਿਗੁਰਪ੍ਰਸਾਦਿ॥ ਪਾਤਿਸ਼ਾਹੀ ੧੦॥', 'ਪਾਤਿਸ਼ਾਹੀ ੧੦ ॥', ਆਦਿ। (੨) 'ਦੈ' ਨੂੰ 'ਦੇ' ਪੜ੍ਹਨਾ ਅਸ਼ੁੱਧ ਹੈ ਕਿਉਂਕਿ ਦੂਜੀ ਲਾਂ ਵਿਚੋਂ 'ਦੇ ਕੇ' ਦੇ ਅਰਥ ਨਿਕਲਦੇ ਹਨ।

ਸੰਘਰਿਯੈ ॥ ਪੂਰਨ ਹੋਇ ਹਮਾਰੀ ਆਸਾ ॥ ਤੋਰ ਭਜਨ ਕੀ ਰਹੈ ਪਿਆਸਾ ॥੩੮੯॥

ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥ ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥ ਸੇਵਕ ਸਿਖ ਹਮਾਰੇ ਤਾਰੀਅਹਿ* ॥ ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ* ॥੩੯੦॥

ਆਪ ਹਾਥ ਦੈ ਮੁਝੈ ਉਬਰਿਯੈ ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥ ਹੂਜੋ ਸਦਾ ਹਮਾਰੇ ਪਛਾ ॥ ਸ੍ਰੀ ਅਸਿਧੁਜ ਜੂ ਕਰਿਯਹੁ ਰਛਾ ॥੩੯੧॥

ਰਾਖਿ ਲੇਹੁ ਮੁਹਿ ਰਾਖਨਹਾਰੇ ॥ ਸਾਹਿਬ ਸੰਤ ਸਹਾਇ ਪਿਯਾਰੇ ॥ ਦੀਨ ਬੰਧੁ ਦੁਸਟਨ ਕੇ ਹੰਤਾ ॥ ਤੁਮ ਹੋ ਪੁਰੀ ਚਤੁਰ ਦਸ ਕੰਤਾ ॥੩੯੨॥

ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵਜੂ

---

* ਨੋਟ:- 'ਤਾਰੀਅਹਿ' ਅਤੇ 'ਮਾਰੀਅਹਿ' ਨੂੰ 'ਤਾਰੀਏ' ਅਤੇ 'ਮਾਰੀਏ' ਪੜ੍ਹਨਾ ਅਸ਼ੁੱਧ ਹੈ। ਇਹ ਸ਼ਬਦ ਬਹੁ-ਵਚਨ ਦੇ ਸੂਚਕ ਹਨ ਅਤੇ ਇਨ੍ਹਾਂ ਦਾ ਉਚਾਰਨ ਬਿੰਦੀ ਸਹਿਤ 'ਤਾਰੀਅਹਿੰ', 'ਮਾਰੀਅਹਿੰ' ਕਰਨਾ ਚਾਹੀਦਾ ਹੈ।

ਅਵਤਰਾ ॥ ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਆ ਤਮਾਸਾ ॥੩੯੩॥

ਜਵਨ ਕਾਲ ਜੋਗੀ ਸਿਵ ਕੀਓ ॥ ਬੇਦ ਰਾਜ ਬ੍ਰਹਮਾ ਜੂ ਥੀਓ ॥ ਜਵਨ ਕਾਲ ਸਭ ਲੋਕ ਸਵਾਰਾ ॥ ਨਮਸਕਾਰ ਹੈ ਤਾਹਿ ਹਮਾਰਾ ॥੩੯੪॥

ਜਵਨ ਕਾਲ ਸਭ ਜਗਤ ਬਨਾਯੋ* ॥ ਦੇਵ ਦੈਤ ਜਛਨ ਉਪਜਾਯੋ* ॥ ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ* ਹਮਾਰਾ ॥੩੯੫॥

ਨਮਸਕਾਰ ਤਿਸ ਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥ ਸਿਵਕਨ ਕੋ ਸਿਵਗੁਨ* ਸੁਖ ਦੀਓ ॥ ਸਤ੍ਰੁਨ ਕੋ ਪਲ ਮੋ ਬਧ ਕੀਓ ॥੩੯੬॥

ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ

---

* ਨੋਟ:- (੧) 'ਬਨਾਯੋ' ਦਾ ਉਚਾਰਨ = 'ਬਨਾਇਓ'। (੨) 'ਉਪਜਾਯੋ' ਦਾ ਉਚਾਰਨ = 'ਉਪਜਾਇਓ'। (੩) 'ਸਮਝਿਯਹੁ' ਦਾ ਉਚਾਰਨ = 'ਸਮਝੀਅਹੁ'। (੪) ਸੰਮਤ ੧੯੫੨ ਵਿੱਚ ਪ੍ਰਕਾਸ਼ਤ ਦਸਮ ਗ੍ਰੰਥ ਦੀ ਬੀੜ ਵਿੱਚ 'ਸਿਵਗੁਨ' ਪਾਠ ਹੈ।

ਪਛਾਨਤ ॥ ਚੀਟੀ ਤੇ ਕੁੰਚਰ ਅਸਥੂਲਾ ॥ ਸਭ ਪਰਿ ਕ੍ਰਿਪਾ* ਦ੍ਰਿਸਟਿ ਕਰਿ ਫੂਲਾ ॥੩੮੭॥

ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧਨ ਕੇ ਸੁਖੀ ॥ ਏਕ ਏਕ ਕੀ ਪੀਰ ਪਛਾਨੈਂ ॥ ਘਟ ਘਟ ਕੇ ਪਟ ਪਟ ਕੀ ਜਾਨੈਂ ॥੩੮੮॥

ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥ ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈਂ ਮਿਲਤ ਦੇਹ ਧਰ ਸਭਹੂੰ ॥੩੮੯॥

ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥ ਆਪੁ ਆਪਨੀ ਬੂਝਿ ਉਚਾਰੈ ॥ ਤੁਮ ਸਭਹੀ ਤੇ ਰਹਤ ਨਿਰਾਲਮ ॥ ਜਾਨਤ ਬੇਦ ਭੇਦ ਅਰੁ ਆਲਮ ॥੩੯੦॥

ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥ ਆਦਿ ਅਨੀਲ ਅਨਾਦਿ ਅਸੰਭ ॥ ਤਾ ਕਾ ਮੂੜ੍ਹ ਉਚਾਰਤ ਭੇਦਾ ॥ ਜਾ ਕੋ ਭੇਵ ਨ ਪਾਵਤ ਬੇਦਾ ॥੩੯੧॥

---

* ਨੋਟ:- 'ਕ੍ਰਿਪਾ' ਦਾ ਉਚਾਰਨ 'ਕਿਰਪਾ' ਨਹੀਂ ਕਰਨਾ।

ਤਾ ਕੌ ਕਰਿ ਪਾਹਨ ਅਨੁਮਾਨਤ ॥ ਮਹਾਂ ਮੂੜ੍ਹ ਕਛੁ ਭੇਦ ਨ ਜਾਨਤ ॥ ਮਹਾਂਦੇਵ ਕੋ ਕਹਤ ਸਦਾ ਸਿਵ ॥ ਨਿਰੰਕਾਰ ਕਾ ਚੀਨਤ ਨਹਿ ਭਿਵ ॥੩੯੨॥

ਆਪੁ ਆਪੁਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ ਤੇਤੀ ॥ ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੩੯੩॥

ਏਕੈ ਰੂਪ ਅਨੂਪ ਸਰੂਪਾ ॥ ਰੰਕ ਭਯੋ ਰਾਵ ਕਹੀ* ਭੂਪਾ ॥ ਅੰਡਜ ਜੇਰਜ ਸੇਤਜ ਕੀਨੀ ॥ ਉਤਭੁਜ ਖਾਨਿ ਬਹੁਰ ਰਚਿ ਦੀਨੀ ॥੩੯੪॥

ਕਹੂੰ ਫੂਲਰਾਜਾ ਹ੍ਵੈ* ਬੈਠਾ ॥ ਕਹੂੰ ਸਿਮਟਿ ਭਯੋ* ਸੰਕਰ ਇਕੈਠਾ ॥ ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥ ਆਦਿ ਜੁਗਾਦਿ ਸਰੂਪ ਸੁਯੰਭਵ ॥੩੯੫॥

ਅਬ ਰਛਾ ਮੇਰੀ ਤੁਮ ਕਰੋ ॥ ਸਿਖ ਉਬਾਰਿ ਅਸਿਖ

---

* ਨੋਟ:- (੧) 'ਕਹੀ' ਦਾ ਉਚਾਰਨ = 'ਕਹੀਂ'। (੨) 'ਹ੍ਵੈ' ਦਾ ਉਚਾਰਨ = 'ਹੁਐ'। (੩) 'ਭਯੋ' ਦਾ ਉਚਾਰਨ = 'ਭਇਓ'।

ਸੰਘਰੋ* ॥ ਦੁਸਟ ਜਿਤੇ ਉਠਵਤ ਉਤਪਾਤਾ ॥ ਸਕਲ ਮਲੇਛ ਕਰੋ ਰਣ ਘਾਤਾ ॥੩੯੬॥

ਜੇ ਅਸਿਧੁਜ ਤਵ ਸਰਨੀ ਪਰੇ ॥ ਤਿਨ ਕੇ ਦੁਸਟ ਦੁਖਿਤ ਹ੍ਵੈ* ਮਰੇ ॥ ਪੁਰਖ ਜਵਨ ਪਗ ਪਰੇ ਤਿਹਾਰੇ ॥ ਤਿਨ ਕੇ ਤੁਮ ਸੰਕਟ ਸਭ ਟਾਰੇ ॥੩੯੭॥

ਜੋ ਕਲਿ ਕੌ ਇਕ ਬਾਰ ਧਿਐ ਹੈ ॥ ਤਾ ਕੇ ਕਾਲ ਨਿਕਟਿ ਨਹਿ ਐਹੈ* ॥ ਰਛਾ ਹੋਇ ਤਾਹਿ ਸਭ ਕਾਲਾ ॥ ਦੁਸਟ ਅਰਿਸਟ ਟਰੇਂ* ਤਤਕਾਲਾ ॥੩੯੮॥

ਕ੍ਰਿਪਾ* ਦ੍ਰਿਸਟਿ ਤਨ ਜਾਹਿ ਨਿਹਰਿਹੋ* ॥ ਤਾ ਕੇ ਤਾਪ ਤਨਕ ਮੋ ਹਰਿਹੋ* ॥ ਰਿਧਿ ਸਿਧਿ ਘਰ ਮੋ ਸਭ ਹੋਈ ॥ ਦੁਸਟ ਛਾਹ ਛ੍ਵੈ* ਸਕੈ ਨ ਕੋਈ ॥੩੯੯॥

ਏਕ ਬਾਰ ਜਿਨ ਤੁਮੈ ਸੰਭਾਰਾ ॥ ਕਾਲ ਫਾਸ ਤੇ ਤਾਹਿ

---

* ਨੋਟ:- (੧) 'ਸੰਘਰੋ' ਦਾ ਉਚਾਰਨ = 'ਸੰ-ਘਰੋ'। (੨) 'ਐਹੈ' ਦਾ ਉਚਾਰਨ = 'ਐ=ਹੈ'। (੩) 'ਟਰੇਂ' ਦਾ ਉਚਾਰਨ ਵੇਲੇ ਬਿੰਦੀ ਬੋਲਣੀ ਹੈ। (੪) 'ਕ੍ਰਿਪਾ' ਦਾ ਉਚਾਰਨ 'ਕਿਰਪਾ' ਨਹੀਂ ਕਰਨਾ। (੫) 'ਨਿਹਰਿਹ' ਦਾ ਉਚਾਰਨ = 'ਨਿ-ਹਰਿ-ਹੋ'। (੬) 'ਹਰਿਹੋ' ਦਾ ਉਚਾਰਨ = 'ਹਰਿ-ਹੋ'। (੬) 'ਛ੍ਵੈ' ਦਾ ਉਚਾਰਨ = 'ਛੁਐ'।

ਉਬਾਰਾ ॥ ਜਿਨ ਨਰ ਨਾਮ ਤਿਹਾਰੋ ਕਹਾ ॥ ਦਾਰਿਦ* ਦੁਸਟ ਦੋਖ ਤੇ ਰਹਾ ॥੪੦੦॥

ਖੜਗਕੇਤੁ* ਮੈ ਸਰਣਿ ਤਿਹਾਰੀ ॥ ਆਪੁ ਹਾਥ ਦੈ ਲੇਹੁ ਉਬਾਰੀ ॥ ਸਰਬ ਠੌਰ ਮੋ ਹੋਹੁ ਸਹਾਈ ॥ ਦੁਸਟ ਦੋਖ ਤੇ ਲੇਹੁ ਬਚਾਈ ॥੪੦੧॥*

(ਦਸਮ ੧੩੮੬-੮੮)

---

* ਨੋਟ:- (੧) 'ਦਾਰਿਦ' ਦਾ ਉਚਾਰਨ 'ਦਾਰਦ' ਨਹੀਂ ਕਰਨਾ। (੬) ਵਿਸ਼ਰਾਮ ਖਿਆਲ ਨਾਲ ਲਾਉ। (੨) ਸ੍ਵੈਯਾ ('ਪਾਂਇ ਗਹੇ...') ਅਤੇ ਦੋਹਰਾ ('ਸਗਲ ਦੁਆਰ ਕਉ...') 'ਚੌਬੀਸ ਅਵਤਾਰ' ਦੇ 'ਰਾਮ ਅਵਤਾਰ' ਦੀਆਂ ਆਖਰੀ ਪੰਗਤੀਆਂ ਹਨ ਜੋ ਕਿ ਦਸਮ ਗ੍ਰੰਥ ਵਿੱਚ ਪੰਨਾ ੨੫੪ ਤੇ ਦਰਜ ਹੈ, ਨਾਕਿ 'ਬੇਨਤੀ ਚੌਪਈ' ਦਾ ਹਿਸਾ ਜੋ ਕਿ ਪੰਨਾ ੧੩੮੮ ਤੇ ਸਮਾਪਤ ਹੁੰਦਾ ਹੈ। (੩) 'ਬੇਨਤੀ ਚੌਪਈ' ਦੀਆਂ ਸਾਰੀਆਂ ੨੫ ਪਉੜੀਆਂ ('ਹਮਰੀ ਕਰੋ ਹਾਥ ਦੇ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ) ਵਾਹਿਗੁਰੂ ਜੀ ਅੱਗੇ ਅਰਦਾਸ ਅਤੇ ਬੇਨਤੀ-ਰੂਪ ਹਨ। ੨੫ ਵੀਂ ਪਉੜੀ (ਪਉੜੀ ਨੰਬਰ ੪੦੧) ਤੋਂ ਬਾਅਦ ਆਉਂਦੀਆਂ ਪਉੜੀਆਂ ਬੇਨਤੀ-ਰੂਪ ਨਹੀਂ ਹਨ ਅਤੇ ਚਰਿਤ੍ਰ-ਪਾਖਿਆਨ ਦੇ ਗ੍ਰੰਥ ਬਾਰੇ ਹੈ ਜਿਸ ਵਿੱਚ ਬੇਨਤੀ ਚੌਪਈ ਦਰਜ਼ ਹੈ।